
# ਆਰੀਅਭੱਟ ਕਾਲਜ ਵਿੱਚ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ

ਭਾਰਤ ਸਰਕਾਰ ਦੇ ਆਦੇਸ਼ ਅਨੁਸਾਰ ਹਰ ਸਾਲ 25 ਜਨਵਰੀ ਦਾ ਦਿਨ ਰਾਸ਼ਟਰੀ ਵੋਟਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਲਈ ਵੱਖ–ਵੱਖ ਸਕੂਲਾਂ, ਕਾਲਜਾਂ ਵਿੱਚ ਬੱਚਿਆਂ ਨੂੰ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਸੰਬੰਧੀ ਜਾਗਰੂਕ ਕਰਨਾ ਹੈ। ਆਰੀਅਭੱਟ ਗਰੁੱਪ ਆਫ ਇੰਸਟੀਚਿਊਟ ਬਰਨਾਲਾ ਵਿੱਚ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਐਡੀਸ਼ਨਲ ਡਾਇਰੈਕਟਰ ਡਾ. ਅਜੇ ਕੁਮਾਰ ਮਿੱਤਲ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਵੋਟ ਇੱਕ ਸਾਧਾਰਣ ਵਿਅਕਤੀ ਨੂੰ ਆਪਣੇ ਸਰਕਾਰ ਚੁਣਨ ਦਾ ਅਧਿਕਾਰ ਦਿੰਦੀ ਹੈ। ਵੋਟ ਦੁਆਰਾ ਇੱਕ ਸਾਧਾਰਣ ਵਿਅਕਤੀ ਅਸਿੱਧੇ ਤੌਰ ਤੇ ਸਰਕਾਰ ਦੇ ਕੰਮਾਂ ਉੱਪਰ ਕੰਟਰੋਲ ਕਰਦਾ ਹੈ। ਜੇਕਰ ਲੋਕ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਨਾ ਹੋਣ ਤਾ ਆਉਣ ਵਾਲੀਆਂ ਚੋਣਾਂ ਦੌਰਾਨ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਸਰਕਾਰ ਬਦਲ ਸਕਦੇ ਹਨ।ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਲੋਕ ਇੱਕਠੇ ਹੋ ਕੇ ਆਪਣੀ ਵੋਟ ਦੇ ਅਧਿਕਾਰ ਦੁਆਰਾ ਦੂਰ ਕਰ ਸਕਦੇ ਹਨ ਅਤੇ ਸਭ ਤੋਂ ਮਹੱਤਵਪੂਰਨ ਭਾਰਤ ਵਰਗੇ ਦੇਸ਼ ਵਿੱਚ ਹਰ ਇੱਕ ਨੂੰ ਵੋਟ ਦਾ ਬਰਾਬਰ ਦਾ ਹੱਕ ਪ੍ਰਾਪਤ ਹੈ।

ਕਾਲਜ ਦੇ ਪ੍ਰਿੰਸੀਪਲ ਡਾ. ਐੱਮ.ਐੱਲ. ਬਾਂਸਲ ਨੇ ਵਿਦਿਆਰਥੀਆਂ ਨੂੰ ਆਪਣੇ ਵੋਟ ਦੀ ਸਹੀ ਵਰਤੋਂ ਕਰਨ ਸੰਬੰਧੀ ਕੁੱਝ ਨੁਕਤੇ ਦੱਸੇ, ਜਿਵੇਂ ਕਿ ਉਹਨਾਂ ਨੇ ਕਿਹਾ ਕਿ ਹਰ ਇੱਕ ਵਿਅਕਤੀ ਨੂੰ ਆਪਣਾ ਵੋਟ ਇਮਾਨਦਾਰੀ ਨਾਲ ਪਾਉਣਾ ਚਾਹੀਦਾ ਹੈ। ਆਪ ਦੂਸਰਿਆਂ ਉੱਪਰ ਉਗਲ ਫਿਰ ਹੀ ਉਠਾ ਸਕਦੇ ਹ ਜੇਕਰ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਸਹੀ ਤਰੀਕੇ ਨਾਲ ਕੀਤਾ ਹੋਵੇ। ਉਹਨਾਂ ਨੇ ਕਿਹਾ ਕਿ ਇਸ ਕੰਮ ਵਿੱਚ ਯੁਵਕ ਖਾਸ ਤੌਰ ਤੇ ਵਿਦਿਆਰਥੀ ਬਹੁਤ ਵੱਡਾ ਰੋਲ ਅਦਾ ਕਰ ਸਕਦੇ ਹਨ। ਇਸ ਲਈ ਉਹਨਾਂ ਨੂੰ ਆਪਣੀ ਵੋਟ ਦੀ ਸਹੀ ਵਰਤੋਂ ਕਰਨੀ ਹੋਵੇਗੀ। ਸਹੀ ਵਰਤੋਂ ਦਾ ਅਰਥ ਹੈ ਕਿ ਵੋਟ ਪਾਉਦੇ ਸਮੇਂ ਕਿਸੇ ਹੋਰ ਵਿਅਕਤੀ ਜਾ ਪਰਿਵਾਰਕ ਮੈਂਬਰ ਦੇ ਅਧੀਨ ਆਉਣ ਦੀ ਜਰੂਰਤ ਨਹੀ ਹੁੰਦੀ ਹੈ। ਪਰਿਵਾਰ ਜਾ ਮੈਂਬਰਾਂ ਦੀ ਸੋਚ ਅਲੱਗ-ਅਲੱਗ ਹੋ ਸਕਦੀ ਹੈ ਪਰੰਤੂ ਚੁਣੇ ਜਾਣ ਵਾਲੇ ਪ੍ਰਤੀਨਿਧ ਦੀ ਸਹੀ ਸੋਚ ਦਾ ਹੋਣਾ ਬਹੁਤ ਜਰੂਰੀ ਹੈ। ਅੰਤ ਵਿੱਚ ਡਾ. ਐੱਸ.ਐੱਲ. ਵਿਸ਼ਿਸਟ ਨੇ ਸਾਰੇ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਹਰ ਹਾਲਤ ਵਿੱਚ ਪਾਉਣ ਦੀ ਸਹੁੰ ਚੁਕਵਾਈ।



Director
Aryabhatta College
Vill. Cheema-Jodhpur
Bazakhana Road Barnala









Director
Aryabhatta College
Vill. Cheema-Jodhpur
Bazakhana Road Barnala

**ਆਰੀਆਭੱਟ ਕਾਲਜ ਦੇ ਵਿਦਿਆਰਥੀਆਂ ਦਆਰਾ ਵਾਤਾਵਰਣ ਬਚਾਉ ਮੁਹਿੰਮ ਵਿੱਚ ਹਿੱਸਾ ਲਿਆ**



ਪੰਜਾਬ ਸਰਕਾਰ ਦੁਆਰਾ ਚਲਾਈ ਗਈ "ਵਾਤਾਵਰਣ ਬਚਾਉ ਮੁਹਿੰਮ" ਵਿੱਚ ਅੱਜ ਆਰੀਆਭੱਟ ਕਾਲਜ ਦੇ ਵਿਦਿਆਰਥੀਆਂ ਦੁਆਰਾ ਰੈਲੀ ਕੱਢੀ ਗਈ। ਇਸ ਰੈਲੀ ਰਾਹੀ ਵਿਦਿਆਰਥੀਆਂ ਨੇ ਪਰਾਲੀ ਸਾੜਣ ਅਤੇ ਉਸਦੇ ਰਾਹੀ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ ਗਿਆ। ਉਹਨਾਂ ਨੇ ਦੱਸਿਆ ਕਿ ਹੁਣ ਤੱਕ ਵਾਤਾਵਰਨ ਵਿੱਚ ਬਹੁਤ ਵਿਗਾੜ ਆ ਗਿਆ ਹੈ। ਇਸਦਾ ਕਾਰਨ ਆਬਾਦੀ ਵਿੱਚ ਵਾਧਾ, ਰੁੱਖਾਂ ਦੀ ਕਟਾਈ, ਉਦਯੋਗਿਕ ਰਹਿੰਦ-ਖੂੰਹਦ, ਪਰਾਲੀ ਸਾੜਣਾ, ਜਹਿਰਲੀਆਂ ਗੈਸਾਂ ਆਦਿ ਹਨ। ਉਹਨਾਂ ਨੇ ਕਿਸਾਨਾਂ ਨੂੰ ਸੁਚੇਤ ਕੀਤਾ ਕਿ ਉਹ ਪਰਾਲੀ ਨੂੰ ਕਿਸ ਤਰ੍ਹਾ ਆਧੁਨਿਕ ਤਰੀਕਿਆ ਨਾਲ ਖੇਤਾਂ ਵਿੱਚ ਹੀ ਬਿਨਾਂ ਸਾੜਣ ਤੋਂ ਹੀ ਖਾਦ ਦੇ ਰੂਪ ਵਿੱਚ ਉਪਯੋਗ ਕਰ ਸਕਦੇ ਹਾਂ।

ਉਹਨਾਂ ਨੇ ਦੱਸਿਆ ਕਿ ਪਰਾਲੀ ਨੂੰ ਅਸੀ ਪਸ਼ੂਆ ਦੇ ਚਾਰੇ ਲਈ ਵਰਤ ਕਰ ਸਕਦੇ ਹਾਂ। ਇਸ ਤੋਂ ਇਲਾਵਾ ਇਸਦਾ ਛੂੱਬ ਵਟ ਕੇ ਰੱਸਾ ਕਸਣ ਵਿੱਚ ਉਪਯੋਗ ਕਰ ਸਕਦੇ ਹਾ।

ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਸਾਰਿਆਂ ਨੂੰ ਰੁੱਖ ਲਗਾਉਣ ਲਈ ਕਿਹਾ ਗਿਆ ਤਾ ਕਿ ਵਾਤਾਵਰਨ ਵਿੱਚ ਹੋ ਰਹੇ ਵਿਗਾੜ ਨੂੰ ਘੱਟ ਕਰ ਸਕੀਏ। ਕਾਲਜ ਦੇ ਵਿਦਿਆਰਥੀਆਂ ਦੀ ਅਗਵਾਈ ਕਾਲਜ ਦੇ ਪ੍ਰੋ. ਚਤਿੰਦਰ ਸਿੰਘ, ਪ੍ਰੋ. ਜਗਸੀਰ ਸਿੰਘ ਨੇ ਕੀਤੀ। ਉਹਨਾਂ ਨੇ ਆਪਣੇ ਵਿਚਾਰ ਲੋਕਾਂ ਨਾਲ ਸਾਝੇ ਕੀਤੇ ਅਤੇ ਉਹਨਾਂ ਨੂੰ ਪਰਾਲੀ ਨਾ ਸਾੜਣ ਲਈ ਕਿਹਾ। ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਜੀ ਨੇ ਵਿਦਿਆਰਥੀਆਂ ਦੁਆਰਾ ਇਸ ਮੁਹਿੰਮ ਵਿਚ ਹਿੱਸਾ ਲੈਣ ਤੇ ਉਹਨਾ ਨੂੰ ਵਧਾਈ ਦਿੱਤੀ।





Director
Aryabhatta College
Vill. Cheema-Jodhpur
Bazakhana Road Barnala

## ਸਰਦਾਰ ਭਗਤ ਸਿੰਘ ਜੀ ਦਾ ਜਨਮ ਦਿਨ ਮਨਾਇਆ ਗਿਆ

ਅੱਜ ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਸੰਬੰਧੀ ਆਰੀਆਭੱਟ ਕਾਲਜ ਵਿਖੇ ਸੈਮੀਨਰ ਕਰਵਾਇਆ ਗਿਆ। ਪ੍ਰੋ. ਚਤਿੰਦਰ ਸਿੰਘ ਜੀ ਨੇ ਉਹਨਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਸਾਰੇ ਵਿਦਿਆਰਥੀਆਂ ਨੂੰ ਸਰਦਾਰ ਭਗਤ ਸਿੰਘ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਆਜਾਦੀ ਦੇ ਹੱਕ ਮੰਗਣ ਲਈ ਸਿਰਫ ਹਥਿਆਰ ਹੀ ਜਰੂਰੀ ਨਹੀ ਹੈ ਸਗੋਂ ਸਰਦਾਰ ਭਗਤ ਸਿੰਘ ਦੇ ਸੁਪਨਿਆ ਦਾ ਦੇਸ਼ ਬਣਾਉਣ ਲਈ ਵੱਧ ਤੋਂ ਵੱਧ ਕਿਤਾਬਾਂ ਪੜ੍ਹਨੀਆਂ ਚਾਹੀਦੀਆ ਹਨ।ਸਰਦਾਰ ਭਗਤ ਸਿੰਘ ਜੀ ਦਾ ਜਨਮ 28 ਸਤੰਬਰ 1907 ਨੂੰ ਖਟਕੜ ਕਲਾ ਵਿਖੇ ਹੋਇਆ। ਸਰਦਾਰ ਭਗਤ ਸਿੰਘ ਨੇ 13 ਅਪ੍ਰੈਲ 1919 ਦੇ ਜਲ੍ਹਿਆ ਵਾਲੇ ਬਾਗ ਦੇ ਸਾਕੇ ਦਾ ਬਦਲਾ ਲੈਣ ਲਈ ਅੰਗਰੇਜ ਅਫਸਰ ਸਾਂਡਰਸ ਨੂੰ ਜਾਨ ਤੋਂ ਮਾਰ ਮੁਕਾਇਆ ਸੀ। ਇਸ ਦੇਸ਼ ਦੇ ਅਧੀਨ ਉਹਨਾਂ ਨੂੰ ਫਾਸ਼ੀ ਦੇਣ ਤੋਂ ਪਹਿਲਾ ਲਾਹੌਰ ਜੈਲ ਵਿੱਚ ਕੈਦ ਰੱਖਿਆ ਗਿਆ। ਆਪਣੇ ਜੇਲ੍ਹ ਦੇ ਦਿਨਾਂ ਵਿੱਚ ਉਹਨਾਂ ਨੇ ਇੱਕ ਡਾਇਰੀ ਲਿਖੀ ਸੀ ਜਿਸ ਵਿੱਚ ਅਲੱਗ- ਅਲੱਗ ਦੇਸ਼ਾ ਦੇ ਸੂਝਵਾਨ ਵਿਅਕਤੀਆਂ ਦੇ ਵਿਚਾਰ ਲਿਖੇ ਗਏ ਸਨ। ਇਹ ਡਾਇਰੀ ਅੰਗਰੇਜੀ ਵਿੱਚ ਲਿਖੀ ਗਈ ਸੀ। ਉਸ ਡਾਇਰੀ ਨੂੰ ਪੰਜਾਬ ਸਰਕਾਰ ਹੁਣ ਅੰਗਰੇਜੀ ਦੇ ਨਾਲ-ਨਾਲ ਇਸਦਾ ਪੰਜਾਬੀ ਅਨੁਵਾਦ ਕਰਕੇ ਛਾਪਿਆ ਹੈ ਤਾਕਿ ਸਰਦਾਰ ਭਗਤ ਸਿੰਘ ਦੁਆਰਾ ਲਿਖੀ ਡਾਇਰੀ ਹਰ ਇੱਕ ਵਿਅਕਤੀ ਤੱਕ ਪਹੁੰਚ ਸਕੇ ਅਤੇ ਆਮ ਲੋਕ ਸਰਦਾਰ ਭਗਤ ਸਿੰਘ ਦੇ ਵਿਚਾਰਾ ਤੋਂ ਜਾਣੂੰ ਹੋ ਸਕਣ।ਕਾਲਜ ਦੇ ਕੁੱਝ ਵਿਦਿਆਰਥੀਆਂ ਨੇ ਵੀ ਸਰਦਾਰ ਭਗਤ ਸਿੰਘ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਤੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਦੁਆਰਾ ਪੌਦੇ ਲਗਾਏ ਗਏ।

ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਜੀ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਉਹਨਾਂ ਦੀ ਸੋਚ ਨੂੰ ਸਮਰਪਿਤ ਹੋਣਾ ਚਾਹੀਦਾ ਹੈ ਅਤੇ ਆਪਣਾ ਕੰਮ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ। ਸਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜੋ ਦੇਸ਼ ਹਿੱਤ ਵਿੱਚ ਹੋਣ।





Director
Aryabhatta College
Vill. Cheema-Jodhpur
Bazakhana Road Barnala





# ਖ਼ੂਨ ਦਾਨ, ਜੀਵਨ ਦਾਨ

**ਆਰੀਆਭੱਟ ਕਾਲਜ ਵਿਚ ਇਕ ਦਿਨਾਂ ਖ਼ੂਨਦਾਨ ਕੈਂਪ ਦੌਰਾਨ ਲਗਭਗ 200 ਤੋਂ ਵੱਧ ਵਿਦਿਆਰਥੀਆਂ ਅਤੇ ਕਾਲਜ ਸਟਾਫ਼ ਨੇ ਕੀਤਾ ਆਪਣਾ ਖ਼ੂਨ ਦਾਨ।**

ਬਰਨਾਲਾ, 08 ਮਾਰਚ (          ) ਆਰੀਆਭੱਟ ਕਾਲਜ ਅਤੇ ਰੁਦਰਾ ਵੈਲਫੇਅਰ ਸੋਸਾਇਟੀ ਦੇ ਯੋਗਦਾਨ ਸਦਕਾ ਆਰੀਆਭੱਟ ਕਾਲਜ ਵਿਚ ਇੱਕ ਦਿਨ ਖ਼ੂਨ ਦਾਨ ਕੈਂਪ ਲਗਾਇਆ ਗਿਆ ਜਿਸ ਦੌਰਾਨ 200 ਤੋਂ ਵੀ ਵੱਧ ਵਿਦਿਆਰਥੀਆਂ ਅਤੇ ਕਾਲਜ ਦੇ ਸਟਾਫ਼ ਨੇ ਆਪਣਾਂ ਖ਼ੂਨ ਦਾਨ ਕੀਤਾ। ਵਿਦਿਆਰਥੀਆਂ ਨੇ ਸਬਦ ਗਾਇਨ ਨਾਲ ਇਸ ਕੈਂਪ ਦਾ ਆਰੰਭ ਕੀਤਾ ਅਤੇ ਕੈਂਪਸ ਡਾਇਰੈਕਟਰ ਡਾਂ ਮਨੋਜ ਮਿੱਤਲ ਨੇ ਆਏ ਹੋਏ ਪਤਵੰਤਿਆ ਅਤੇ ਡਾਕਟਰਾਂ ਦੀ ਟੀਮ ਦਾ ਸਵਾਗਤ ਕਰਦੇ ਹੋਏ ਉਹਨਾਂ ਨੂੰ ਜੀ ਆਇਆ ਨੂੰ ਆਖਿਆ। ਡਾਂ ਮਨੋਜ ਮਿੱਤਲ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਖ਼ੂਨ ਦਾਨ ਸਭ ਤੋਂ ਵੱਡਾ ਦਾਨ ਹੈ, ਇਸ ਨਾਲ ਅਸੀ ਕਿਸੇ ਵਿਅਕਤੀ ਦੀ ਜਿੰਦਗੀ ਬਚਾ ਕੇ ਉਸ ਨੂੰ ਇਕ ਨਵਾਂ ਜੀਵਨ ਦੇ ਸਕਦੇ ਹਾਂ। ਉਹਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਸਾਨੂੰ ਸਮੇਂ ਸਮੇਂ ਅਨੁਸਾਰ ਆਪਣਾ ਖ਼ੂਨ ਦਾਨ ਕਰਨਾ ਚਾਹੀਂਦਾ ਹੈ ਤਾਂ ਜੋ ਲੋੜਵੰਦ ਵਿਅਕਤੀਆਂ ਦੀ ਜਾਨ ਬਚ ਸਕੇ। ਉਨ੍ਹਾਂ ਕਾਲਜ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਜਿਥੇ ਆਰੀਆਭੱਟ ਗਰੁੱਪ ਸਿੱਖਿਆ ਦੇ ਖੇਤਰ ਵਿਚ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਚੁੱਕਾ ਹੈ, ਉਥੇ ਹੀ ਸਮਾਜ ਭਲਾਈ ਦੇ ਕੰਮਾਂ ਵਿਚ ਵੀ ਇਕ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਕੈਂਪ ਦੌਰਾਨ ਡੀ.ਐਮ.ਸੀ. ਲੁਧਿਆਣਾ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਵਿਦਿਆਰਥੀਆਂ ਦਾ ਮੁਆਇਨਾ ਕੀਤਾ ਅਤੇ ਉਹਨਾਂ ਤੋਂ ਖ਼ੂਨ ਇਕੱਠਾ ਕੀਤਾ। ਟੀਮ ਦੇ ਮੁੱਖੀ ਡਾ. ਗੁਰਸੀਨ ਕੌਰ ਨੇ ਦੱਸਿਆ ਕਿ ਖ਼ੂਨ ਦਾਨ ਕਰਨ ਤੋਂ ਬਾਅਦ 24 ਤੋਂ 48 ਘੰਟਿਆਂ ਦੇ ਵਿਚ-ਵਿਚ ਵਿਅਕਤੀ ਦੇ ਖ਼ੂਨ ਦੇ ਸੈੱਲ ਪੂਰੇ ਹੋ ਜਾਂਦੇ ਹਨ ਅਤੇ ਅਗਲੇ ਤਿੰਨ ਮਹੀਨੇ ਬਾਅਦ ਵਿਅਕਤੀ ਦੁਬਾਰਾ ਖ਼ੂਨ ਦਾਨ ਕਰਨ ਦੇ ਯੋਗ ਹੋ ਜਾਂਦਾ ਹੈ। ਇਸ ਕੈਂਪ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਧ ਚੜ ਕੇ ਹਿਸਾ ਲਿਆ ਅਤੇ ਆਪਣਾ ਖ਼ੂਨ ਦਾਨ ਕੀਤਾ। ਇਸ ਕੈਂਪ ਦੌਰਾਨ ਆਪਣਾ ਖ਼ੂਨ ਦਾਨ ਕਰਨ ਵਾਲੇ ਵਿਅਕਤੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਅੰਤ ਵਿਚ ਡਾ. ਮਨੋਜ ਮਿੱਤਲ ਜੀ ਨੇ ਆਏ ਹੋਏ ਮਹਿਮਾਨਾਂ ਅਤੇ ਖ਼ੂਨ ਦਾਨੀਆਂ ਦਾ ਧੰਨਵਾਦ ਕੀਤਾ।

Director
Aryabhatta College
Vill. Cheema-Jodhpur
Bazakhana Road,Barnala

**ਆਰੀਆਭੱਟ ਕਾਲਜ ਦੇ ਬੀ. ਐੱਸ. ਸੀ. ਐਗਰੀਕਲਚਰ ਦੇ ਵਿਦਿਆਰਥੀਆਂ ਦੁਆਰਾ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਕਿਸਾਨ ਮੇਲ ਵੇਖਿਆ ਗਿਆ**

ਕ੍ਰਿਸ਼ੀ ਵਿਗਿਆਨ ਕੇਂਦਰ ਹੰਡਾਇਆ ਵਿਖੇ ਆਯੋਜਿਤ ਕੀਤੇ ਗਏ ਕਿਸਾਨ ਮੇਲਾ ਦਾ ਦੌਰਾ ਕੀਤਾ ਗਿਆ। ਇਸ ਮੇਲੇ ਵਿੱਚ ਸ੍ਰੀ ਧਰਮਪਾਲ ਗੁਪਤਾ, ਆਈ. ਏ. ਐਸ., ਡਿਪਟੀ ਕਮਿਸ਼ਨਰ ਬਰਨਾਲਾ ਮੁੱਖ-ਮਹਿਮਾਨ ਵਜੋਂ ਪਹੁੰਚੇ। ਉਹਨਾਂ ਨੇ ਵਿਦਿਆਰਥੀਆਂ ਨੂੰ ਪਰਾਲੀ ਨਾ ਸਾੜਨ ਸਬੰਧੀ , ਜੀਰੋ ਸੋਲਰ ਸਸਟਿਮ, ਮੱਛੀ ਪਾਲਣ, ਮੁਰਗੀ ਪਾਲਣ, ਸੰਯੋਕਤ ਖੇਤੀ, ਪਸ਼ੂ ਪਾਲਣ, ਡੇਅਰੀ ਧੰਦੇ ਸਬੰਧੀ ਜਾਣਕਾਰੀ ਦਿੱਤੀ। ਇਸ ਮੇਲੇ ਵਿੱਚ ਕ੍ਰਿਸੀ ਵਿਗਿਆਨ ਕੇਦਰ ਮੋਹਾਲੀ ਅਤੇ ਤਰਨਤਾਰਨ ਦੁਆਰਾ ਹਿੱਸਾ ਲਇਆ ਅਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।

ਵਿਦਿਆਰਥੀਆਂ ਨੇ ਇਸ ਮੇਲੇ ਵਿੱਚ ਲੱਗੀਆ ਵੱਖ-ਵੱਖ ਸਟਾਲਾਂ ਤੋਂ ਖੇਤੀ ਬਾੜੀ ਸਬੰਧੀ ਮਹੱਤਵਪੂਰਨ ਜਾਣਕਾਰੀ ਹਾਸਿਲ ਕੀਤੀ। ਵਿਦਿਆਰਥੀਆਂ ਨੇ ਸਟਾਲਾਂ ਤੋਂ ਕਿਤਾਬਾਂ, ਮੈਗਜੀਨ, ਬੀਜ ਖਰੀਦੇ ਅਤੇ ਖੇਤੀ ਬਾੜੀ ਦੇ ਸੰਦਾ ਦੀ ਜਾਣਕਾਰੀ ਵੀ ਹਾਸਿਲ ਕੀਤੀ। ਇਸ ਮੇਲੇ ਵਿੱਚ ਗੁਰੂ ਅੰਗਦ ਦੇਵ ਵੈਟਰਨਿਰੀ ਯੂਨੀਵਰਸਿਟੀ ਲੁਧਿਆਣਾ ਦਾ ਸਟਾਫ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ, ਜਿਹਨਾਂ ਨੇ ਪਸ਼ੂ ਪਾਲਣ ਜਿਵੇ ਕਿ ਮੁਰਗੀ ਪਾਲਣ, ਮੱਛੀ ਪਾਲਣ, ਸੂਰ ਪਾਲਣ ਆਦਿ ਖੇਤੀਬਾੜੀ ਸਹਾਇਕ ਧੰਦਿਆਂ ਦੀ ਮਹੱਤਤਾ ਬਾਰੇ ਦੱਸਿਆ। ਇਸ ਮੇਲੇ ਵਿੱਚ ਆਰੀਆਭੱਟ ਕਾਲਜ ਦੇ ਵਿਦਿਆਰਥੀਆਂ ਨੇ ਹਾੜੀ ਦੀਆਂ ਫਸਲਾਂ ਸਬੰਧੀ ਵਿਸ਼ੇਸ ਤੌਰ ਤੇ ਜਾਣਕਾਰੀ ਹਾਸਿਲ ਕੀਤੀ।

ਇਸ ਮੇਲੇ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਉਹਨਾਂ ਦੇ ਨਾਲ ਆਰੀਆਭੱਟ ਕਾਲਜ ਦੇ ਐਗਰੀਕਲਚਰ ਵਿਭਾਗ ਦੇ ਪ੍ਰੋ. ਕੁਲਦੀਪ ਸਿੰਘ, ਪ੍ਰੋ. ਗਗਨ ਸੂਦ ਅਤੇ ਪ੍ਰੋ. ਹਰਪ੍ਰੀਤ ਕੌਰ ਹਾਜਿਰ ਸਨ। ਕਾਲਜ ਦੀ ਪ੍ਰਬੰਧਕੀ ਕਮੇਟੀ ਅਤੇ ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਜੀ ਨੇ ਵਿਦਿਆਰਥੀਆਂ ਨੂੰ ਭਰੋਸਾ ਦਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਇਸ ਤਰਾ ਦੇ ਖੇਤੀ ਬਾੜੀ ਸਬੰਧੀ ਮੇਲੇ ਹੋਰ ਵੀ ਦਿਖਾਏ ਜਾਣਗੇ।






Director
Aryabhatta College
Vill. Cheema-Jodhpur
Bazakhana Road Barnala

## ਆਰੀਆਭੱਟਾ ਕਾਲਜ ਦੇ ਬੀ.ਐੱਸ. ਸੀ ਐਗਰੀਕਲਚਰ ਦੇ ਵਿਦਿਆਰਥੀਆਂ ਨੇ ਪੀ. ਏ. ਯੂ. ਦਾ ਕਿਸਾਨ ਮੇਲਾ ਦੇਖਿਆ

ਆਰੀਆਭੱਟ ਕਾਲਜ ਦੇ ਬੀ.ਐੱਸ. ਸੀ. ਐਗਰੀਕਲਚਰ ਵਿਭਾਗ ਦੇ ਵਿਦਿਆਰਥੀਆਂ ਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਲੱਗੇ ਕਿਸਾਨ ਮੇਲੇ ਵਿੱਚ ਸ਼ਿਰਕਤ ਕੀਤੀ।ਇਸ ਕਿਸਾਨ ਮੇਲਾ ਦਾ ਮੁੱਖ ਉਦੇਸ਼ ਕਿਸਾਨਾਂ ਅਤੇ ਵਿਦਿਆਰਥੀਆਂ ਨੂੰ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦੇਣਾ ਹੈ।ਇੱਥੇ ਵਿਦਿਆਰਥੀਆਂ ਨੂੰ ਖੇਤੀਬਾੜੀ ਕਰਨ ਦੀਆਂ ਨਵੀਆਂ ਤਕਨੀਕਾਂ ਅਤੇ ਉਪਕਰਨਾਂ ਜਿਵੇਂ ਕਿ ਟਰੈਕਟਰ, ਕਟਾਈ ਕਰਨ ਵਾਲੀਆਂ ਮਸ਼ੀਨਾਂ ਅਤੇ ਬੀਜਣ ਵਾਲੀਆਂ ਮਸ਼ੀਨਾਂ ਦੀ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਫਲਾਂ,ਫੁੱਲਾਂ ਅਤੇ ਸਬਜ਼ੀਆਂ ਦੀਆ ਵੱਖ- ਵੱਖ ਕਿਸਮਾਂ ਦੇਖੀਆਂ ਅਤੇ ਜਾਣਕਾਰੀ ਪ੍ਰਾਪਤ ਕੀਤੀ।ਵਿਦਿਆਰਥੀਆ ਨੇ ਕੁਦਰਤੀ ਢੰਗ ਨਾਲ ਤਿਆਰ ਹੋਣ ਵਾਲੀ ਜੈਵਿਕ ਖਾਦ ਅਤੇ ਇਸਦੇ ਨਾਲ ਰਸਾਇਣਿਕ ਖਾਦਾਂ ਦੀ ਜਾਣਕਾਰੀ ਪ੍ਰਾਪਤ ਕੀਤੀ।ਇੱਥੇ ਅਲੱਗ ਅਲੱਗ ਕਿਸਮਾਂ ਦੇ ਪਸ਼ੂਆਂ ਦੀ ਪ੍ਰਦਰਸ਼ਨੀ ਵੀ ਲੱਗੀ ਹੋਈ ਸੀ ਜਿਸ ਵਿੱਚ ਪਸ਼ੂਆਂ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਗਈ।ਇਸ ਮੇਲੇ ਦੌਰਾਨ ਵਿਦਿਆਰਥੀਆਂ ਦੁਆਰਾ ਕਿਸਾਨਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਹਨਾਂ ਤੋਂ ਖੇਤੀਬਾੜੀ ਸੰਬੰਧੀ ਜਾਣਕਾਰੀ ਹਾਸਿਲ ਕੀਤੀ। ਵਿਦਿਆਰਥੀਆਂ ਨੇ ਇਸ ਮੇਲਾ ਦਾ ਖੂਬ ਆਨੰਦ ਮਾਨਿਆ ਅਤੇ ਖੁਸ਼ੀ ਜਾਹਿਰ ਕਰਦੇ ਹੋਏ ਕਿਹਾ ਕਿ ਇਸ ਨਾਲ ਉਹਨਾਂ ਦੀ ਵੱਖ-ਵੱਖ ਖੇਤਰਾਂ ਦੀ ਜਾਣਕਾਰੀ ਵਿੱਚ ਬਹੁਤ ਵਾਧਾ ਹੋਇਆ ਹੈ।

ਇਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਅਜਾਇਬਘਰ ਦੇਖਿਆ ਗਿਆ ਜਿਸ ਵਿੱਚ ਉਹਨਾਂ ਨੇ ਪੁਰਾਣੇ ਪੰਜਾਬੀ ਸੱਭਿਆਚਾਰ  ਨਾਲ ਜੁੜੀਆ ਵਸਤੂਆਂ ਦੇਖੀਆ। ਵਿਦਿਆਰਥੀਆਂ ਨੇ ਅਜੀਤ ਚੈਨਲ ਦੇ ਪੱਤਰਕਾਰਾਂ ਨਾਲ ਮੁਲਾਕਾਤ ਕੀਤੀ ਅਤੇ ਇਸ ਮੇਲੇ ਦੇ ਸੰਬੰਧੀ ਵਿਚਾਰ ਪੇਸ਼ ਕੀਤੇ।ਇਸ ਦੀ ਅਗਵਾਈ ਕਾਲਜ ਦੇ ਐਗਰੀਕਲਚਰ ਦੇ ਪ੍ਰੋ. ਕੁਲਦੀਪ ਸਿੰਘ, ਪ੍ਰੋ. ਘਗਨ ਸੂਦ ਅਤੇ ਪ੍ਰੋ. ਹਰਪ੍ਰੀਤ ਕੌਰ ਨੇ ਕੀਤੀ।

ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਨੇ ਅਧਿਆਪਕਾਂ ਅਤੇ ਵਿਦਿਆਰਥੀ ਨੂੰ ਇਸ ਵਿੱਦਿਅਕ ਟੂਰ ਦੀ ਵਧਾਈ ਦਿੱਤੀ ਅਤੇ ਉਹਨਾਂ ਨੂੰ ਵਿਸ਼ਵਾਸ ਦਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾ ਦੇ ਹੋਰ ਵਿਦਿੱਅਕ ਟੂਰ ਲਗਵਾਏ ਜਾਣਗੇ।






Director
Aryabhatta College
Vill. Cheema-Jodhpur
Bazakhana Road Barnala

## ਬੀ.ਏ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ

ਆਰੀਆਭੱਟਾ ਕਾਲਜ ਚੀਮਾਂ-ਜੋਧਪੁਰ,ਬਰਨਾਲਾ ਵਿਖੇ ਬੀ.ਏ ਭਾਗ-ਤੀਜੇ ਲਈ ਬੀ.ਏ ਭਾਗ-ਦੂਜੇ ਦੇ ਵਿਦਿਆਰਥੀਆਂ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਬੀ.ਏ ਭਾਗ-ਦੂਜੇ ਦੇ ਵਿਦਿਆਰਥੀ ਨੇ ਸਟੇਜ਼ ਸੰਚਾਲਨ ਦੀ ਜਿੰਮੇਵਾਰੀ ਨਿਭਾਈ ਅਤੇ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਨੇ ਕਲਚਰ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਬੀ.ਏ ਭਾਗ-ਤੀਜੇ ਦੇ ਵਿਦਿਆਰਥੀ ਨੇ ਆਪਣੀ ਕਲਾਸ ਦੀ ਨੁਮਾਇੰਦਗੀ ਕਰਦੇ ਹੋਏ ਸਾਰੇ ਅਧਿਆਪਕ ਸਾਹਿਬਾਨਾਂ ਦਾ ਸਨਮਾਨਿਤ ਕੀਤਾ । ਵਿਦਿਆਰਥੀਆਂ ਨੇ ਕਾਲਜ ਦੇ ਪ੍ਰਸਾਸ਼ਨ ਦੀ ਭਰਪੂਰ ਸਲਾਘਾ ਕੀਤੀ।ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਜੀ ਨੇ ਵਿਦਿਆਰਥੀਆਂ ਨੂੰ ਇਹ ਪਾਰਟੀ ਦਾ ਆਯੋਜਨ ਕਰਨ ਲਈ ਵਧਾਈ ਦਿੱਤੀ ਅਤੇ ਕਾਲਜ ਵਿਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ।ਉਹਨਾਂ ਦੱਸਿਆ ਬੀ.ਏ ਦੇ ਵਿਦਿਆਰਥੀਆ ਲਈ ਐੱਮ.ਏ,ਐੱਮ.ਐੱਸ.ਸੀ ਮੈਥ, ਐੱਮ.ਐੱਸ.ਸੀ ਆਈ ਟੀ, ਪੀ.ਜੀ.ਡੀ.ਸੀ.ਏ ਕੋਰਸ ਉਪਲੱਬਧ ਹਨ। ਉਹ ਇਹਨਾਂ ਕੋਰਸਾਂ ਵਿਚ ਦਾਖਲਾ ਲੈ ਸਕਦੇ ਹਨ। ਉਹਨਾਂ ਨੇ ਕਿਹਾ ਕਿ ਵਿਦਿਆਰਥੀਆ ਦਾ ਆਉਣ ਵਾਲਾ ਭਵਿੱਖ ਉਜਵਲ ਹੋਵੇ ਅਤੇ ਇਹ ਆਪਣੇ ਮਿੱਥੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਵਿਚ ਕਾਮਯਾਬ ਹੋਣ।

ਪਾਰਟੀ ਵਿਚ ਸ਼ਾਮਲ ਵਿਦਿਆਰਥੀਆਂ ਨੇ ਕਾਲਜ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਵਿੱਦਿਅਕ ਸੰਸਥਾ ਆਉਣ ਵਾਲੇ ਸਮੇਂ ਵਿਚ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰੇ








Director
Aryabhatta College
Vill. Cheema-Jodhpur
Bazakhana Road Barnala

ਆਰੀਆਭੱਟ ਕਾਲਜ ਦੇ ਬੀ ਬੀ ਏ ਕਲਾਸ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

ਆਰੀਆਭੱਟ ਕਾਲਜ ਚੀਮਾ-ਜੋਧਪੁਰ, ਬਰਨਾਲਾ ਦੇ ਬੀ ਬੀ ਏ ਕਲਾਸ ਦੇ ਚੌਥੇ ਸਮੈਸਟਰ ਦੇ ਵਿਦਿਆਰਥੀਆਂ ਨੇ ਬੀ ਬੀ ਏ ਕਲਾਸ ਦੇ ਛੇਵੇਂ ਸਮੈਸਟਰ ਦੇ ਵਿਦਿਆਰਥੀਆਂ ਲਈ ਪਾਰਟੀ ਦਾ ਆਯੋਜਨ ਕੀਤਾ। ਬੀ ਬੀ ਏ ਭਾਗ ਦੂਜਾ ਦੇ ਵਿਦਿਆਰਥੀਆਂ ਨੇ ਸਟੇਜ਼ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ ਅਤੇ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਨੇ ਕਲਚਰ ਪ੍ਰੋਗਰਾਮ ਦਾ ਆਨੰਦ ਮਾਣਿਆ। ਬੀ ਬੀ ਏ ਭਾਗ ਤੀਜਾ ਦੇ ਵਿਦਿਆਰਥੀਆਂ ਨੇ ਆਪਣੀ ਕਲਾਸ ਦੀ ਨੁਮਾਇੰਦਗੀ ਕਰਦੇ ਹੋਏ ਆਪਣੇ ਅਧਿਆਪਕਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ । ਵਿਦਿਆਰਥੀਆਂ ਨੇ ਕਾਲਜ ਪ੍ਰਸਾਸਨ ਦੀ ਭਰਪੂਰ ਸਲਾਘਾ ਕੀਤੀ। ਇਸ ਮੌਕੇ ਤੇ ਮੌਜੂਦ ਕਾਲਜ ਦੇ ਕੈਂਪਸ ਡਾਇਰੈਕਟਰ ਡਾ ਅਜੇ ਕੁਮਾਰ ਮਿੱਤਲ ਜੀ ਨੇ ਵਿਦਿਆਰਥੀਆਂ ਇਹ ਪਾਰਟੀ ਦਾ ਆਯੋਜਨ ਕਰਨ ਲਈ ਵਧਾਈ ਦਿੱਤੀ ਕਾਲਜ ਵਿਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਉਨਾਂ ਦੱਸਿਆ ਕਿ ਕਾਲਜ ਵਿਚ ਬੀ ਟੈੱਕ, ਐਮ ਬੀ ਏ, ਬੀ ਬੀ ਏ, ਬੀ ਸੀ ਏ, ਬੀ ਕਾਮ, ਬੀ ਐੱਸ ਸੀ (ਐਗਰੀਕਲਚਰ) ਬੀ ਐੱਸ ਸੀ (ਨਾਨ ਮੈਡੀਕਲ), ਬੀ ਏ , ਐਮ ਕਾਮ, ਐੱਮ ਐੱਸ ਸੀ (ਗਣਿਤ), ਪੀ ਜੀ ਡੀ ਸੀ ਏ ਆਦਿ ਕੋਰਸ ਉਪਲੱਬਧ ਹਨ। ਓਹਨਾਂ ਕਿਹਾ ਕਿ ਵਿਦਿਆਰਥੀਆਂ ਦਾ ਆਉਣ ਵਾਲਾ ਸਮਾਂ ਓਜਵਲ ਹੋਵੇ ਆਪਣੇ ਮਿੱਥੇ ਹੋਏ ਨਿਸਾਨੇ ਨੂੰ ਪ੍ਰਾਪਤ ਕਰਨ ਵਿਚ ਕਾਮਯਾਬ ਹੋਣ।

ਪਾਰਟੀ ਵਿਚ ਸਾਮਲ ਸਾਰੇ ਵਿਦਿਆਰਥੀਆਂ ਨੇ ਕਾਲਜ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਾਮਨਾ ਕੀਤੀ ਕਿ ਆਉਣ ਵਾਲੇ ਸਮੇਂ ਇਹ ਕਾਲਜ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹੇ।





Director
Aryabhatta College
Vill. Cheema-Jodhpur
Bazakhana Road Barnala

# ਕੰਪਿਊਟਰ ਵਿਭਾਗ ਅਤੇ ਬੀ. ਐੱਸ. ਸੀ. ਨਾਮ ਮੈਡੀਕਲ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ

ਆਰੀਆਭੱਟਾ ਕਾਲਜ ਚੀਮਾਂ-ਜੋਧਪੁਰ,ਬਰਨਾਲਾ ਵਿਖੇ ਬੀ. ਸੀ. ਏ., ਪੀ. ਜੀ. ਡੀ. ਸੀ. ਏ., ਐੱਮ. ਐੱਸ. ਸੀ. ਆਈ ਟੀ ਅਤੇ ਬੀ. ਐੱਸ. ਸੀ. ਨਾਮ ਮੈਡੀਕਲ ਦੇ ਭਾਗ-ਤੀਜੇ ਲਈ ਬੀ. ਸੀ. ਏ., ਬੀ. ਐੱਸ. ਸੀ. ਨਾਮ ਮੈਡੀਕਲ ਭਾਗ-ਦੂਜੇ ਦੇ ਵਿਦਿਆਰਥੀਆਂ ਵਿਦਾਇਗੀ ਦੁਆਰਾ ਪਾਰਟੀ ਦਾ ਆਯੋਜਨ ਕੀਤਾ ਗਿਆ। ਬੀ. ਸੀ. ਏ., ਬੀ. ਐੱਸ. ਸੀ. ਨਾਮ ਮੈਡੀਕਲ ਭਾਗ-ਦੂਜੇ ਦੇ ਵਿਦਿਆਰਥੀ ਨੇ ਸਟੇਜ ਸੰਚਾਲਨ ਦੀ ਜਿੰਮੇਵਾਰੀ ਨਿਭਾਈ ਅਤੇ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਨੇ ਕਲਚਰ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਬੀ. ਸੀ. ਏ., ਬੀ. ਐੱਸ. ਸੀ. ਨਾਮ ਮੈਡੀਕਲ ਭਾਗ-ਤੀਜੇ ਦੇ ਵਿਦਿਆਰਥੀ ਨੇ ਆਪਣੀ ਕਲਾਸ ਦੀ ਨੁਮਾਇੰਦਗੀ ਕਰਦੇ ਹੋਏ ਸਾਰੇ ਅਧਿਆਪਕ ਸਾਹਿਬਾਨਾਂ ਨੂੰ ਸਨਮਾਨਿਤ ਕੀਤਾ । ਵਿਦਿਆਰਥੀਆਂ ਨੇ ਕਾਲਜ ਦੇ ਪ੍ਰਸਾਸ਼ਨ ਦੀ ਭਰਪੂਰ ਸਲਾਘਾ ਕੀਤੀ।ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਜੀ ਨੇ ਵਿਦਿਆਰਥੀਆਂ ਨੂੰ ਇਹ ਪਾਰਟੀ ਦਾ ਆਯੋਜਨ ਕਰਨ ਲਈ ਵਧਾਈ ਦਿੱਤੀ ਅਤੇ ਕਾਲਜ ਵਿਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਕਿਹਾ ਕਿ ਵਿਦਿਆਰਥੀਆ ਦਾ ਆਉਣ ਵਾਲਾ ਭਵਿੱਖ ਉਜਵਲ ਹੋਵੇ ਅਤੇ ਇਹ ਆਪਣੇ ਮਿੱਥੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਵਿਚ ਕਾਮਯਾਬ ਹੋਣ।ਇਸ ਪਾਰਟੀ ਦਾ ਆਯੋਜਨ ਪ੍ਰੋ. ਸੁਨੀਤਾ ਰਾਣੀ, ਪ੍ਰੋ. ਪ੍ਰਿਆ ਗੁਪਤਾ, ਪ੍ਰੋ. ਮਨਜੀਤ ਕੌਰ ਅਤੇ ਪ੍ਰੋ. ਨਵੀਨ ਬਾਂਸਲ ਦੀ ਰਹਿਨੁਮਾਈ ਦੇ ਅਧੀਨ ਕੀਤੀ ਗਈ।

ਪਾਰਟੀ ਵਿਚ ਸ਼ਾਮਲ ਵਿਦਿਆਰਥੀਆਂ ਨੇ ਕਾਲਜ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਵਿੱਦਿਅਕ ਸੰਸਥਾ ਆਉਣ ਵਾਲੇ ਸਮੇਂ ਵਿਚ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰੇ ।



Director
Aryabhatta College
Vill. Cheema-Jodhpur
Bazakhana Road Barnala

**आर्यभट्ट कॉलेज ने पौधे लगाकर मनाया वातावरण दिवस**

यह कथन सत्य है के हमारा कोई समाज नहीं होगा अगर हम वातावरण को नष्ट करते हैं ।वातावरण का ख्याल रखना उतना ही आवश्यक है जितना हम अपना और अपने परिवार का ध्यान रखते हैं। आज वातावण दिवस के मौके पर आर्यभट्ट कॉलेज ने कॉलेज और अपने आस पास के क्षेतर में 25 से अधिक पौधे लगाए जिसमें गुलमोहर , नीम और कई फलदार पौधे लगाए गए। इस मौके पर आर्यभट्ट कॉलेज के डायरेक्टर डाक्टर अजय मित्तल ने बताया के वातावरण पूरे संसार की रीड की हड्डी है। अगर वातावरण शुध्द है तभी हम अपने स्वस्थ को ठीक रख सकते हैं। कॉलेज के चेयरमैन श्री राकेश गुप्ता ने बताया के कॉलेज द्वारा ज़्यादातर हर कार्यक्रम में पौधे लगाना हमारी परंपरा है। इस मौके पर सरकारी दिशा निर्देशों का पालन करते हुए पौधे लगाए गए जिसमें मास्क और सोशल डिस्टन्सिंग का उचित्त ख्याल रखा गय। इस मौके पर प्रोफेसर चतिंदर सिंह , प्रोफेसर नवदीप बंसल , प्रोफेसर विजय गर्ग , प्रोफेसर कुलदीप सिंह , जतिंदर और कुलवंत सिंह आदि उपस्थित रहे।



Director
Aryabhatta College
Vill. Cheema-Jodhpur
Bazakhana Road Barnala

## ਬਰਨਾਲਾ ਅਤੇ ਸੰਗਰੂਰ ਦਾ ਮੈਚ ਹੋਇਆ ਡਰਾਅ।

ਬਰਨਾਲਾ ਕ੍ਰਿਕੇਟ ਐਸੋਸੀਏਸ਼ਨ ਦੇ ਜਰਨਲ ਸਕੱਤਰ ਸ੍ਰੀ ਮਹਿੰਦਰ ਖੰਨਾ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਕ੍ਰਿਕੇਟ ਐਸੋਸੀਏਸ਼ਨ ਮੋਹਾਲੀ ਵੱਲੋਂ ਇੰਟਰ ਡਿਸਟ੍ਰਿਕ ਕ੍ਰਿਕੇਟ ਟੂਰਨਾਮੈਂਟ ਅੰਡਰ 16 ਲੜਕਿਆਂ ਦਾ 2 ਦਿਨਾਂ ਦਾ ਮੈਚ ਅੱਜ ਆਰੀਆਭੱਟ ਕਾਲਜ ਚੀਮਾ ਵਿਖੇ ਬਰਨਾਲਾ ਅਤੇ ਸੰਗਰੂਰ ਦੀਆਂ ਕ੍ਰਿਕੇਟ ਟੀਮਾਂ ਵਿਚਕਾਰ ਖੇਡਿਆ ਗਿਆ। ਟਾਸ ਸੰਗਰੂਰ ਨੇ ਜਿੱਤ ਕੇ ਪਹਿਲਾ ਬੱਲੇਬਾਜੀ ਕਰਨ ਦਾ ਫੈਸਲਾ ਲਿਆ। ਬਰਨਾਲਾ ਟੀਮ ਵੱਲੋਂ ਭੁਪਿੰਦਰ ਸਿੰਘ ਨੇ ਸ਼ਾਨਦਾਰ ਗੇਂਦਬਾਜੀ ਸਦਕਾ ਸੰਗਰੂਰ ਦੀ ਕ੍ਰਿਕੇਟ ਟੀਮ 134/10 ਦੌੜਾਂ ਤੇ ਆਊਟ ਹੋ ਗਈ। ਬਰਨਾਲਾ ਵੱਲੋਂ ਭੁਪਿੰਦਰ ਨੇ ਸ਼ਾਨਦਾਰ ਗੇਂਦਬਾਜੀ ਕਰਦੇ ਹੋਏ ਸੰਗਰੂਰ ਦੇ 5 ਖਿਡਾਰੀਆਂ ਨੂੰ ਆਊਟ ਕੀਤਾ। ਸੰਗਰੂਰ ਟੀਮ ਵਲੋਂ ਗੁਫਰਾਨ ਅਖਤਰ ਨੇ ਸਭ ਤੋਂ ਵੱਧ 33 ਦੌੜਾਂ ਬਣਾਈਆਂ। ਬਰਨਾਲਾ ਟੀਮ ਸੰਗਰੂਰ ਦੀਆਂ 134 ਦੌੜਾਂ ਦਾ ਪਿੱਛਾ ਕਰਦੀ 96/10 ਤੇ ਆਊਟ ਹੋ ਗਈ। ਬਰਨਾਲਾ ਟੀਮ ਵਲੋਂ ਉਦੈਵੀਰ ਨੇ ਸਭ ਤੋਂ ਵੱਧ 27 ਦੌੜਾਂ ਬਣਾਈਆਂ। ਸੰਗਰੂਰ ਦੀ ਟੀਮ ਲਈ ਇਸ ਮੈਚ ਵਿਚ ਰੁਪਿੰਦਰ ਨੇ 5 ਵਿਕਟਾਂ ਪ੍ਰਾਪਤ ਕੀਤੀਆਂ। ਬਠਿੰਡਾ ਤੋਂ ਅਰੁਣ ਲੂਥਰਾ ਸਾਹਿਬ ਅਤੇ ਚੰਡੀਗੜ੍ਹ ਤੋਂ ਬਲਵਿੰਦਰ ਸੈਣੀ ਨੇ ਅੰਮਪਾਇਰ ਦੀ ਭੂਮਿਕਾ ਨਿਭਾਈ। ਇਸ ਮੈਚ ਦੀ ਸਕੋਰਿੰਗ ਬਰਨਾਲਾ ਤੋਂ ਕਮਲਦੀਪ ਸਿੰਘ ਨੇ ਕੀਤੀ। ਇਸ ਮੌਕੇ ਆਰੀਆਭੱਟ ਕਾਲਜ ਦੇ ਚੇਅਰਮੈਨ ਸ੍ਰੀ ਆਰ. ਕੇ. ਗੁਪਤਾ ਜੀ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਅਜੈ ਕੁਮਾਰ ਮਿੱਤਲ ਜੀ ਨੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ। ਇਸ ਮੈਚ ਦਾ ਆਨੰਦ ਲੈਣ ਲਈ ਸ੍ਰੀ ਤਰਸੇਮ ਲਾਲ, ਜਗਦੀਸ਼ ਚਿੜੀ, ਜਗਤਾਰ ਤਾਰੀ, ਕਰਮਬੀਰ ਸਿੰਘ (ਕ੍ਰਿਕੇਟ ਕੋਚ) ਯਾਦਵਿੰਦਰ ਸਿੰਘ ਲਵਲੀ, ਜਤਿੰਦਰ ਕੁਮਾਰ ਦਈਆ, ਨਵਦੀਪ ਬਾਂਸਲ ਅਤੇ ਪਤਵੰਤੇ ਸੱਜਣ ਪਹੁੰਚੇ।



Director
Aryabhatta College
Vill. Cheema-Jodhpur
Bazakhana Road Barnala

# ਆਰੀਆਭੱਟ ਕਾਲਜ ਦੇ ਬੀ.ਏ ਭਾਗ ਪਹਿਲਾ ਦੇ ਅਰਸ਼ਦੀਪ ਨੇ ਜਿੱਤਿਆ ਗੋਲਡ ਮੈਡਲ

ਪੰਜਾਬ ਅਥਲੈਟਿਕਸ ਐਸੋਸੀਏਸ਼ਨ ਵੱਲੋਂ ਜੂਨੀਅਰ ਸਟੇਟ ਚੈਂਪੀਅਨਸ਼ਿਪ ਵਾਰ ਹੀਰੋਜ਼ ਸਟੇਡੀਅਮ ਵਿੱਚ ਕਰਵਾਈ ਗਈ

ਜਿਸ ਵਿੱਚ 100ਮੀ, 400 ਮੀ ਹਰਡਲਜ਼ ਦੇ ਮੈਚ ਕਰਵਾਏ ਗਏ ਇਸ ਵਿੱਚ ਅੰਡਰ 14, 16, 18, 20 ਲੜਕੇ ਲੜਕੀਆਂ ਨੇ ਭਾਗ ਲਿਆ ਜਿਸ ਵਿੱਚ ਆਰੀਆਭੱਟ ਕਾਲਜ ਦੇ ਬੀ.ਏ ਭਾਗ ਪਹਿਲਾ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਅੰਡਰ 20, 110ਮੀਟਰ ਹਰਡਲਜ਼ ਵਿੱਚ ਗੋਲਡ ਮੈਡਲ ਜਿੱਤਿਆ

ਇਸ ਮੌਕੇ ਆਰੀਆਭੱਟ ਕਾਲਜ ਦੇ ਡਾਇਰੈਕਟਰ ਡਾਕਟਰ ਅਜੈ ਕੁਮਾਰ ਮਿੱਤਲ ਨੇ ਅਰਸ਼ਦੀਪ ਨੂੰ ਵਧਾਈ ਦਿੱਤੀ ਅਤੇ ਬਾਕੀ ਵਿਦਿਆਰਥੀਆਂ ਨੂੰ ਪ੍ਰੇਰਣਾ ਲੈਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਕਾਲਜ ਦੇ ਚੇਅਰਮੈਨ ਰਾਕੇਸ਼ ਕੁਮਾਰ ਗੁਪਤਾ ਨੇ ਵੀ ਵਿਦਿਆਰਥੀ ਦੀ ਇਸ ਉਪਲਬਧੀ ਤੇ ਵਧਾਈ ਦਿੱਤੀ




Director
Aryabhatta College
Vill. Cheema-Jodhpur
Bazakhana Road Barnala




ਅੱਜ ਇੱਥੇ ਆਰੀਆਭੱਟ ਕਾਲਜ ਬਰਨਾਲਾ ਵਿਖੇ ਦੋ ਰੋਜ਼ਾ ਸਪੋਰਟਸ ਮੀਟ ਸ਼ੁਰੂ ਹੋ ਗਈ। ਸਮਾਗਮ ਦਾ ਉਦਘਾਟਨ ਬੜੀ ਧੂਮਧਾਮ ਨਾਲ ਕੀਤਾ ਗਿਆ ਅਤੇ ਮੁੱਖ ਮਹਿਮਾਨ ਰਾਕੇਸ਼ ਕੁਮਾਰ ਗੁਪਤਾ ਚੇਅਰਮੈਨ ਆਰੀਆਭੱਟ ਕਾਲਜ ਬਰਨਾਲਾ ਨੇ ਸ਼ਿਰਕਤ ਕੀਤੀ।

ਕਾਲਜ ਦੀ ਸਰਪ੍ਰਸਤੀ ਹੇਠ ਕਾਲਜ ਖੇਡਾਂ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਸਮਾਰੋਹ ਨੂੰ ਮਾਰਚ ਪਾਸਟ ਨਾਲ ਸਜਾਇਆ ਗਿਆ, ਜਿਸ ਵਿੱਚ ਕ੍ਰਿਕਟ, ਵਾਲੀਬਾਲ, ਬੈਡਮਿੰਟਨ, ਸ਼ਤਰੰਜ, ਕੈਰਮ ਬੋਰਡ, ਰੱਸਾਕਸ਼ੀ, ਸ਼ਾਟ ਪੁਟ, ਥ੍ਰੀ-ਲੇਗ ਰੇਸ, ਲੰਬੀ ਛਾਲ, ਲੈਮਨ ਸਪੂਨ ਰੇਸ, ਸਮੇਤ ਵੱਖ-ਵੱਖ ਵਿਸ਼ਿਆਂ ਦੇ ਐਥਲੀਟਾਂ ਨੇ ਹਿੱਸਾ ਲਿਆ। ਸੰਗੀਤਕ ਕੁਰਸੀਆਂ

ਚੇਅਰਮੈਨ ਨੇ ਸਟਾਫ਼ ਅਤੇ ਵਿਦਿਆਰਥੀਆਂ ਦਾ ਉਨ੍ਹਾਂ ਦੀ ਹਾਜ਼ਰੀ ਅਤੇ ਆਸ਼ੀਰਵਾਦ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਖੇਡਾਂ ਅਤੇ ਹੁਨਰ ਦੇ ਖੇਤਰ ਵਿੱਚ ਆਪਣੀ ਛਾਪ ਛੱਡਣ ਵਾਲੇ ਸਾਰੇ ਖਿਡਾਰੀਆਂ ਨੂੰ ਦਿਲੋਂ ਵਧਾਈ ਦਿੱਤੀ।

ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਖੇਡਾਂ ਦੀ ਦੁਨੀਆ ਵਿੱਚ ਆਈ ਸ਼ਾਨਦਾਰ ਤਬਦੀਲੀ ਬਾਰੇ ਚਾਨਣਾ ਪਾਇਆ। ਉਸਨੇ ਸਫਲਤਾ ਪ੍ਰਾਪਤ ਕਰਨ ਵਿੱਚ ਅਣਥੱਕ ਯਤਨਾਂ, ਸਮਰਪਣ ਅਤੇ ਅਟੁੱਟ ਵਚਨਬੱਧਤਾ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਇਸ ਸਮਾਗਮ ਵਿੱਚ ਪ੍ਰਸਿੱਧ ਖੇਡ ਮਾਹਿਰ ਪ੍ਰੋ: ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।

Director
Aryabhatta College
Vill. Cheema-Jodhpur
Bazakhana Road Barnala